# ਪੰਜਾਬ ਐਜੂਸੈਟ ਸੁਸਾਇਟੀ

ਈ. ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172- 5218801-16 ਈ-ਮੇਲ: edusat.punjab@gmail.com


ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.: 24/40/2015/ਪੀ.ਈ.ਐਸ/ਟਾਈਮ-ਸ਼ਡਿਊਲ/8015-16
ਮਿਤੀ: ..25.. ਜਨਰਵੀ, 2016.

**ਵਿਸ਼ਾ: ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਪ੍ਰੋਗਰਾਮਾਂ ਦੀ ਸ਼ਡਿਊਲ (ਮਹੀਨਾ ਫਰਵਰੀ-2016).**

1.0 ਫਰਵਰੀ-2016 ਦੀ ਐਜੂਸੈਟ ਪ੍ਰੋਗਰਾਮਾਂ ਦੀ ਸ਼ਡਿਊਲ ਵਿਦਿਆਰਥੀਆਂ ਦੀਆਂ ਸਲਾਨਾ ਪ੍ਰੀਖਿਆਵਾਂ ਅਤੇ ਪ੍ਰੀ-ਬੋਰਡ ਪ੍ਰੀਖਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤੀ ਗਈ ਹੈ। ਇਸ ਸ਼ਡਿਊਲ ਵਿੱਚ 6ਵੀਂ ਤੋਂ 12ਵੀਂ ਜਮਾਤ ਲਈ ਸਕੂਲ ਸਿੱਖਿਆ ਵਿਭਾਗ ਲਈ ਨਸ਼ਰ ਕੀਤੇ ਜਾਣ ਵਾਲੇ ਰੈਗੂਲਰ ਪ੍ਰੋਗਰਾਮਾਂ, 12ਵੀਂ ਜਮਾਤ ਦੇ ਸਾਇੰਸ ਦੇ ਵਿਦਿਆਰਥੀਆਂ ਲਈ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਅਤੇ ਹੋਰ ਸਪੈਸ਼ਲ ਪ੍ਰੋਗਰਾਮਾਂ ਦਾ ਵੇਰਵਾ ਹੈ, ਭੇਜੀ ਜਾ ਰਹੀ ਹੈ (ਨੱਥੀ)। ਪ੍ਰੋਗਰਾਮ ਮਿਤੀ 01.02.2016 ਤੋਂ 12.02.2016 ਤੱਕ ਹੀ ਟੈਲੀਕਾਸਟ ਕੀਤੇ ਜਾਣਗੇ ਤਾਂ ਜੋ ਵਿਦਿਆਰਥੀ ਬਾਕੀ ਦਿਨਾਂ ਵਿੱਚ ਖੁੱਦ ਇਮਤਿਹਾਨਾਂ ਦੀ ਤਿਆਰੀ ਕਰ ਸਕਣ। ਪ੍ਰੀ-ਬੋਰਡ ਪ੍ਰੀਖਿਆਵਾਂ ਦੌਰਾਨ ਅਤੇ ਹੋਰ ਪ੍ਰੀਖਿਆਵਾਂ ਦੌਰਾਨ ਵਿਦਿਆਰਥੀਆਂ ਲਈ ਪ੍ਰੋਗਰਾਮ ਵੇਖਣ ਤੋਂ ਛੋਟ ਹੋਵੇਗੀ। ਸ਼ਡਿਊਲ ਅਨੁਸਾਰ ਸਵੇਰੇ 09:25 ਤੋਂ ਲੈ ਕੇ 12:30 ਵਜੇ ਤੱਕ ਐਜੂਸੈਟ ਦੇ ਪ੍ਰੋਗਰਾਮ ਟੈਲੀਕਾਸਟ ਹੋਣਗੇ ਜਦੋਂਕਿ ਮਿਤੀ 01.02.2016 ਤੋਂ 12.02.2016 ਤੱਕ 12ਵੀਂ ਜਮਾਤ ਦੇ ਸਾਇੰਸ ਦੇ ਵਿਦਿਆਰਥੀਆਂ ਲਈ ਸਲਾਨਾ ਪ੍ਰੀਖਿਆ ਦੀ ਤਿਆਰੀ ਅਤੇ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਵੀ ਐਜੂਸੈਟ ਰਾਹੀਂ ਕਰਵਾਈ ਜਾਣੀ ਜਾਰੀ ਰਹੇਗੀ।

1.1 ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿੱਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿ ਕੇ ਨਸ਼ਰ ਕੀਤੇ ਪ੍ਰੋਗਰਾਮਾਂ ਵਿੱਚ ਭਾਗ ਲੈ ਰਹੇ ਹਨ। ਵਿਸ਼ਾ ਅਧਿਆਪਕ ਸਬੰਧਤ ਟਾਪਿਕ ਸਬੰਧੀ ਜਰੂਰੀ ਨੁਕਤੇ ਨਾਲ ਦੀ ਨਾਲ ਬੋਰਡ ਤੇ ਜਰੂਰ ਲਿਖੇ ਅਤੇ ਵਿਦਿਆਰਥੀਆਂ ਨੂੰ ਵੀ ਨੋਟ ਕਰਵਾਏ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਇਬਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ।

2.0 ਸਕੂਲ ਮੁੱਖੀ ਸੁਨਿਸ਼ਚਿਤ ਕਰਨਗੇ ਕਿ ਐਜੂਸੈਟ ਪ੍ਰੋਗਰਾਮਾਂ ਦੀ ਸ਼ਡਿਊਲ ਅਤੇ ਐਜੂਸੈਟ ਟਾਈਮ ਟੇਬਲ ਦੀ ਕਾਪੀ ਐਜੂਸੈਟ ਕਮਰੇ ਵਿੱਚ ਉਪਲਬਧ ਕਰਵਾਈ ਹੋਈ ਹੈ ਅਤੇ ਸ਼ਡਿਊਲ ਹਰ ਰੋਜ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਕ੍ਰਿਪਾ ਕਰਕੇ ਆਪਣੀ ਰਾਏ ਈ-ਮੇਲ edusat.punjab@gmail.com ਤੇ ਭੇਜੀ ਜਾਵੇ। ਫੀਡਬੈਕ ਦੇਣ ਲਈ http://goo.gl/forms/FTN8oQjnpp ਲਿੰਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2015/ਪੀ.ਈ.ਐਸ/ਟਾਈਮ-ਸ਼ਡਿਊਲ/8017
ਮਿਤੀ: 25.01.2016.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ ਪੱਤਰ ਨੰ. 24/123/2013/ਪੀ.ਈ.ਐਸ/ਆਰ.ਪੀ/7722, ਮਿਤੀ 28.05.2015 ਦੇ ਹਵਾਲੇ ਨਾਲ।
4. ਸਮੂਹ ਪ੍ਰਿੰਸੀਪਲ ਡਾਈਟ।
5. ਏ.ਜੀ.ਐਮ.(ਵਿੱਤ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਉਪਲਬਧ ਕਰਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ